ISSN: 2584-0509



(Page 167 to 179)

# ਪਾਠ-ਆਲੋਚਨਾ: ਸਿਧਾਂਤਕ ਪਰਿਪੇਖ



ਡਾ. ਨਵਜੋਤ ਕੌਰ
+91 84376-24386

## 1. ਭੂਮਿਕਾ

ਪਾਠ-ਆਲੋਚਨਾ ਸਾਹਿਤਕ ਅਤੇ ਭਾਸ਼ਾਈ ਅਧਿਐਨ ਵਿਚ ਮਹੱਤਵਪੂਰਨ ਸਥਾਨ ਰੱਖਣ ਵਾਲਾ ਵਿਸ਼ਾ ਹੈ। ਪਾਠ-ਆਲੋਚਨਾ ਦਾ ਆਧਾਰ ਪ੍ਰਾਚੀਨ ਜਾਂ ਮੱਧਕਾਲੀਨ ਸਾਹਿਤਕ ਪਾਠ ਹਨ। ਦੂਜੇ ਸ਼ਬਦਾਂ ਵਿਚ ਪਾਠ-ਆਲੋਚਨਾ ਜਿਹੇ ਵਿਸ਼ੇ ਦਾ ਜਨਮ ਹੀ ਪ੍ਰਾਚੀਨ ਸਾਹਿਤਕ ਪਾਠਾਂ ਵਿਚ ਪ੍ਰਾਪਤ ਹੁੰਦੇ ਪਾਠਾਂਤਰਾਂ ਤੋਂ ਹੋਇਆ ਹੈ। ਸਾਡੇ ਪ੍ਰਾਚੀਨ ਸਾਹਿਤਕ ਪਾਠ ਸਾਡੇ ਤੱਕ ਹੱਥ-ਲਿਖਤਾਂ ਦੇ ਰੂਪ ਵਿਚ ਹੁੰਦੇ ਹੋਏ ਪਹੁੰਚੇ ਹਨ। ਇਹ ਹੱਥ-ਲਿਖਤ ਪਾਠ ਦਰੱਖਤਾਂ ਦੇ ਪੱਤੇ, ਛਿੱਲਾਂ, ਕੱਪੜੇ, ਪੱਥਰ ਜਾਂ ਕਾਗਜ਼ ਆਦਿ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ। ਹੱਥ-ਲਿਖਤ ਦੇ ਰੂਪ ਵਿਚ ਹੋਣਾ, ਛਾਪੇਖਾਨੇ ਦੀ ਅਣਹੋਂਦ, ਸਮੇਂ-ਸਥਾਨ ਦਾ ਭੇਦ ਆਦਿ ਕਾਰਨ ਸਾਨੂੰ ਇਕ ਹੀ ਰਚਨਾ ਦੇ ਵੱਖ-ਵੱਖ ਸਥਾਨਾਂ ਤੇ ਪਾਠਾਂਤਰਾਂ ਸਹਿਤ ਬਹੁਤ ਸਾਰੇ ਪਾਠ-ਸ੍ਰੋਤ ਪ੍ਰਾਪਤ ਹੁੰਦੇ ਹਨ। ਪਾਠ-ਭੇਦ ਜਾਂ ਪਾਠਾਂਤਰ ਹੀ ਪਾਠ-ਆਲੋਚਨਾ ਦੀ ਮੂਲ ਸਮੱਸਿਆ ਜਾਂ ਆਧਾਰ ਹੈ| ਪ੍ਰਾਪਤ ਪਾਠਾਂ ਵਿਚ ਪਾਠਾਂਤਰ ਹੀ ਪਾਠ-ਆਲੋਚਨਾ ਵਿਸ਼ੇ ਦੇ ਜਨਮ ਦਾ ਕਾਰਨ ਹਨ। ਸਬੰਧਤ ਪਾਠ-ਭੇਦ ਜਾਂ ਪਾਠਾਂਤਰ ਸਾਹਿਤਕ ਪਾਠ ਦੀ ਪ੍ਰਮਾਣਿਕਤਾ ਉਪਰ ਪ੍ਰਸ਼ਨਚਿੰਨ੍ਹ ਲਗਾਉਂਦੇ ਹਨ। ਇਸ ਸਥਿਤੀ ਵਿਚ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਲੇਖਕ ਦਾ ਮੂਲ ਜਾਂ ਅਸਲ ਪਾਠ ਕਿਹੜਾ ਹੈ? ਭਿੰਨ-ਭਿੰਨ ਸ੍ਰੋਤਾਂ ਦੇ ਅਧਿਐਨ-ਵਿਸ਼ਲੇਸ਼ਣ ਰਾਹੀਂ ਜੋ ਵਿਧੀ ਲੇਖਕ ਦੇ ਮੂਲਪਾਠ ਦਾ ਨਿਰਣਾ ਕਰਵਾਉਂਦੀ ਹੈ, ਉਹ ਪਾਠ-ਆਲੋਚਨਾ ਹੈ। ਹੱਥਲੇ ਖੋਜ-ਪੱਤਰ ਦਾ ਵਿਸ਼ਾ 'ਪਾਠ-ਆਲੋਚਨਾ : ਸਿਧਾਂਤਕ ਪਰਿਪੇਖ' ਹੈ। ਇਸ ਵਿਚ ਪਾਠ-ਆਲੋਚਨਾ ਦੀ ਪਰਿਭਾਸ਼ਾ, ਪਾਠ-ਆਲੋਚਨਾਤਮਿਕ ਅਧਿਐਨ ਦੀ ਲੋੜ ਅਤੇ ਮਹੱਤਤਾ, ਪਾਠ-ਆਲੋਚਨਾਤਮਿਕ ਵਿਧੀ ਆਦਿ ਪੱਖਾਂ ਉੱਪਰ ਵਿਚਾਰ-ਚਰਚਾ ਕੀਤੀ ਗਈ ਹੈ। ਉਪਰੋਕਤ ਵਰਣਿਤ ਪੱਖਾਂ ਦਾ ਵਿਸਤ੍ਰਿਤ ਵਰਨਣ ਹੇਠ ਲਿਖੇ ਅਨੁਸਾਰ ਹੈ।

## 2. ਪਾਠ ਅਤੇ ਪਾਠ-ਆਲੋਚਨਾ

ਪਾਠ-ਆਲੋਚਨਾ ਦੇ ਸਿਧਾਂਤਕ ਪੱਖ ਬਾਰੇ ਗੱਲ ਕਰਨ ਤੋਂ ਪਹਿਲਾਂ 'ਪਾਠ' ਦੇ ਸੰਕਲਪ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ; "ਵਿਓਤਪਤੀ ਪੱਖੋਂ ਪਾਠ ਸ਼ਬਦ ਸੰਸਕ੍ਰਿਤ ਦੇ 'ਪਠ' ਧਾਤੂ ਤੋਂ ਵਿਕਸਿਤ ਹੋਇਆ ਹੈ। ਇਸਦੇ ਮੁੱਢਲੇ ਅਰਥ ਹਨ ਸਵਰਾਂ ਸਹਿਤ ਪਾਠ, ਦੁਹਰਾਉਣਾ, ਪੜ੍ਹਨਾ, ਵੇਦ-ਅਧਿਐਨ।"[1] ਵਰਣਿਤ ਧਾਤੂਗਤ ਅਰਥਾਂ ਅਨੁਸਾਰ 'ਪਾਠ' ਇਕ ਉਚਾਰ ਜਾਂ ਲਿਖਤ ਭਾਸ਼ਾਈ ਰੂਪ ਹੈ। ਡਾ. ਗੋਵਿੰਦ ਨਾਥ ਰਾਜਗੁਰੂ ਅਨੁਸਾਰ "ਕਿਸੇ

ਵੀ ਰਚਨਾ ਦੇ ਉਚਾਰਨ ਜਾਂ ਉਸਦੇ ਲਿਖਤੀ ਰੂਪ ਨੂੰ ਪੜ੍ਹਨ ਦਾ ਭਾਵ ਪਰਗਟਾਉਣ ਲਈ' ਪਾਠ' ਸ਼ਬਦ ਵਰਤਿਆ ਜਾਂਦਾ ਹੈ। ਵਾਸਤਵ ਵਿਚ 'ਪਾਠ' ਸ਼ਬਦ ਭਾਸ਼ਾ ਦੇ ਦੋ ਮਹੱਤਵਪੂਰਨ ਤੱਤਾਂ (ਉਚਾਰਨ ਅਤੇ ਲਿੱਪੀ) ਨਾਲ ਜੁੜਿਆ ਹੈ।"[2] ਘਨਈਆ ਸਿੰਘ ਅਨੁਸਾਰ "ਪਾਠ ਸ਼ਬਦ ਤੋਂ ਭਾਵ ਉਸ ਲੇਖ ਜਾਂ ਲਿਖਤ ਤੋਂ ਹੈ ਜੋ ਕਿਸੇ ਅਜਿਹੀ ਭਾਸ਼ਾ ਵਿਚ ਲਿੱਪੀਬਧ ਹੋਵੇ,ਜਿਸਦਾ ਅਰਥ ਗਿਆਤ ਹੈ ਜਾਂ ਗਿਆਤ ਹੋ ਸਕਦਾ ਹੋਵੇ ਅਰਥਾਤ ਉਸਦੀ ਜਾਣਕਾਰੀ ਪਾਠ-ਆਲੋਚਨਾ ਕਰਨ ਵਾਲੇ ਨੂੰ ਹੋਵੇ।"(पाठ शब्द से तात्पर्य उस लेख से है जो किसी ऐसी भाषा में लिपिबध्द हो, जिसका अर्थ ज्ञात हो या ज्ञात हो सकता हो तथा उसकी जानकारी पाठ शोध करने वाले को हो।)"[3] ਇਸ ਤਰ੍ਹਾਂ ਉਪਰੋਕਤ ਵਰਣਿਤ ਕਥਨਾਂ ਅਨੁਸਾਰ 'ਪਾਠ' ਤੋਂ ਭਾਵ ਲਿੱਪੀਬਧ ਅਰਥਪੂਰਨ ਵਿਚਾਰ ਰਾਸ਼ੀ ਹੈ। ਇਹੀ ਲਿਪੀਬੱਧ ਵਿਚਾਰ ਰਾਸ਼ੀ ਪਾਠ-ਆਲੋਚਨਾ ਦਾ ਆਧਾਰ ਹੈ।

ਵਿਉਤਪਤੀ ਪੱਖੋਂ 'ਪਾਠ-ਆਲੋਚਨਾ' ਦੋ ਸ਼ਬਦਾਂ 'ਪਾਠ' ਅਤੇ 'ਆਲੋਚਨਾ' ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਉਪਰੋਕਤ ਵਰਣਿਤ ਸ਼ਬਦੀ ਅਤੇ ਪਰਿਭਾਸ਼ਿਕ ਅਰਥਾਂ ਅਨੁਸਾਰ 'ਪਾਠ' ਦਾ ਅਰਥ 'ਲਿੱਪੀਬਧ ਵਿਚਾਰ ਰਾਸ਼ੀ' ਹੈ ਅਤੇ 'ਆਲੋਚਨਾ' ਤੋਂ ਭਾਵ "ਸਰਵੇਖਣ, ਸਮੀਖਿਆ, ਵਿਚਾਰ ਕਰਨਾ ਜਾਂ ਪੜਚੋਲ ਕਰਨਾ ਹੈ।"[4] ਸਮਾਸੀ ਅਰਥਾਂ ਅਨੁਸਾਰ ਪਾਠ-ਆਲੋਚਨਾ ਦੀ ਸ਼ਬਦੀ ਜੁਗਲਬੰਦੀ ਤੋਂ ਭਾਵ ਲਿੱਪੀਬਧ ਜਾਂ ਲਿਖਤੀ ਵਿਚਾਰਰਾਸ਼ੀ ਦੀ ਪਰਖ-ਸ਼ਪੜਚੋਲ ਹੈ। ਪਾਠ-ਆਲੋਚਨਾ ਵਿਸ਼ੇ ਸਬੰਧੀ ਵੱਖ-ਵੱਖ ਪਦ ਪ੍ਰਯੋਗ ਕੀਤੇ ਜਾਂਦੇ ਹਨ। ਪੰਜਾਬੀ ਭਾਸ਼ਾ ਵਿਚ ਪਾਠ-ਆਲੋਚਨਾ, ਪਾਠਅਧਿਐਨ, ਹੱਥਲਿਖਤ ਸੰਪਾਦਨ ਕਲਾ ਆਦਿ ਸ਼ਬਦ ਵਰਤੇ ਜਾਂਦੇ ਹਨ। ਹਿੰਦੀ ਭਾਸ਼ਾ ਵਿਚ ਪਾਠਾਲੋਚਨ, ਪਾਠ-ਸ਼ੋਧ, ਪਾਠਸੰਪਾਦਨ, ਪਾਠਅਨੁਸੰਧਾਨ, ਪਾਠ-ਵਿਗਿਆਨ, ਸੰਪਾਦਨ ਸ਼ਾਸਤਰ ਆਦਿ ਸ਼ਬਦ ਵਰਤੇ ਜਾਂਦੇ ਹਨ। ਪਾਠ-ਆਲੋਚਨਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Textual Criticism' ਦਾ ਸਮਾਨਅਰਥਕ ਹੈ। ਇਕ ਵਿਸ਼ੇ ਦੇ ਤੌਰ ਤੇ ਪਾਠ-ਆਲੋਚਨਾ ਕਿਸੇ ਰਚਨਾ ਦੇ ਪਾਠ ਸਬੰਧੀ ਪ੍ਰਾਪਤ ਵੱਖ-ਵੱਖ ਹੱਥ-ਲਿਖਤ ਸ੍ਰੋਤਾਂ ਦੇ ਅਧਿਐਨ ਅਤੇ ਨਿਸ਼ਚਿਤ ਸਿਧਾਤਾਂ ਰਾਹੀਂ ਵਿਸ਼ਲੇਸ਼ਣ ਦੁਆਰਾ ਮੂਲਪਾਠ ਤੱਕ ਪਹੁੰਚਣ ਦੀ ਪ੍ਰਕਿਰਿਆ ਹੈ। ਪਾਠ-ਆਲੋਚਨਾ ਦੇ ਸਰੂਪ ਅਤੇ ਵਿਸ਼ਾ-ਖੇਤਰ ਨੂੰ ਸਮਝਣ ਲਈ ਪ੍ਰਸਿੱਧ ਪਾਠ-ਆਲੋਚਕਾਂ ਦੇ ਕਥਨ ਵਿਚਾਰਨਯੋਗ ਹਨ ਜੋ ਹੇਠ ਲਿਖੇ ਅਨੁਸਾਰ ਹਨ। 'ਪੋਸਟਗੇਟ ਜੇ.ਪੀ.', ਅਨੁਸਾਰ:- "ਸਧਾਰਨ ਸ਼ਬਦਾਂ ਵਿੱਚ ਪਾਠ-ਆਲੋਚਨਾ ਮਦ ਦੀ ਵਰਤੋਂ ਪਾਠ-ਨਿਰਧਾਰਨ

ਹਿਤ ਕੁਸ਼ਲ ਅਤੇ ਵਿਵਸਥਿਤ ਨਿਯਮਾਂ ਅਧੀਨ ਮਨੁੱਖੀ ਨਿਰਣੇ ਲਈ ਕੀਤੀ ਜਾਂਦੀ ਹੈ | ਇਸ ਸਬੰਧ ਵਿਚ ਪਾਠ ਤੋਂ ਭਾਵ ਕਿਸੇ ਅਜਿਹੇ ਦਸਤਾਵੇਜ਼ ਤੋਂ ਹੈ ਜੋ ਕਿਸੇ ਅਜਿਹੀ ਭਾਸ਼ਾ ਵਿਚ ਲਿਖਿਆ ਗਿਆ ਹੈ,ਜਿਸ ਤੋਂ ਜਾਂਚਕਰਤਾ(ਆਲੋਚਕ)ਜਾਣੂੰ ਹੋਵੇ ਅਤੇ ਜਿਸ ਬਾਰੇ ਇਹ ਵੀ ਮੰਨਿਆ ਗਿਆ ਹੋਵੇ ਕਿ ਉਸਦਾ ਕੋਈ ਨਾ ਕੋਈ ਅਰਥ ਜ਼ਰੂਰ ਹੈ| ਜਿਸ ਨੂੰ ਜਾਂ ਤਾਂ ਪਹਿਲਾਂ ਹੀ ਜਾਣ ਲਿਆ ਗਿਆ ਹੈ ਜਾਂ ਜਿਸ ਨੂੰ ਜਾਣਿਆ ਜਾ ਸਕਦਾ ਹੈ।"(Textual criticism is general term given to the skilled and methodical application of human judgement to the settlement of text. By text is to be understood, a document written in a language, known more or less to the enquirer and assumed to have some meaning which has been or can be ascertained.)[5]

'ਡਾ. ਐੱਸ. ਐੱਮ. ਕਾਤਰੇ ਅਨੁਸਾਰ, "ਪਾਠ-ਆਲੋਚਨਾ ਦਾ ਮੁੱਖ ਉਦੇਸ਼ ਕਿਸੇ ਪਾਠ ਜਾਂ ਦਸਤਾਵੇਜ਼ ਦੀ ਵਿਆਖਿਆ ਕਰਨਾ ਅਤੇ ਉਸ ਨੂੰ ਨਿਯੰਤਰਿਤ ਕਰਨਾ ਹੈ ਤਾਂ ਜੋ ਅਸੀਂ ਜਿੱਥੋਂ ਤੱਕ ਸੰਭਵ ਹੋ ਸਕੇ ਪਿੱਛੇ ਤੱਕ ਜਾ ਕੇ ਪ੍ਰਮਾਣਿਕ ਪਾਠ ਖੋਜ ਸਕੀਏ ਜਾਂ ਜਿੱਥੋਂ ਤੱਕ ਸੰਭਵ ਹੋ ਸਕੇ ਲੇਖਕ ਦੁਆਰਾ ਲਿਖੇ ਮੂਲ ਸ਼ਬਦਾਂ ਨੂੰ ਨਿਸ਼ਚਿਤ ਕਰ ਸਕੀਏ|ਦੂਜੇ ਸ਼ਬਦਾਂ ਵਿਚ ਇਹ ਮਨੁੱਖੀ ਬੁੱਧੀ ਦਾ ਕੁਸ਼ਲ ਅਤੇ ਨਿਯਮਬੱਧ ਅਭਿਆਸ ਹੈ,ਜਿਸਦਾ ਮੂਲ ਉਦੇਸ਼ ਕਿਸੇ ਪਾਠ ਨੂੰ ਜਿੱਥੋਂ ਤੱਕ ਸੰਭਵ ਹੋਵੇ ਉਸਦੇ ਮੂਲ ਸਰੂਪ ਵਿਚ ਪੁਨਰਸਥਾਪਿਤ ਕਰਨਾ ਹੈ। (Textual criticism has for its sole objects the interpretation and controlling of a text or in documents so that we can reach as far back as possible and try to recover the authentic text or to determine as nearly as possible the words written by the author himself. In other words, it is the skilled and methodical exercise of the human intellect on the settlement of a text with the sole object of restoring it so far as possible, to its original form.)"[6]

'ਡਾ. ਘਨਈਆ' ਸਿੰਘ ਅਨੁਸਾਰ, "ਕਿਸੇ ਰਚਨਾ ਦੀਆਂ ਵੱਖ-ਵੱਖ ਪਾਠਾਂ ਸਹਿਤ ਪ੍ਰਾਪਤ ਹੱਥ-ਲਿਖਤ ਉਤਾਰਿਆਂ (ਖਰੜਿਆਂ) ਦੇ ਅਧਿਐਨ, ਨਿਰੰਤਰ ਅਭਿਆਸ ਅਤੇ ਨਿਸ਼ਚਿਤ ਸਿਧਾਂਤਾਂ ਅਧੀਨ ਖੋਜ ਦੁਆਰਾ ਉਸ ਰਚਨਾ ਦੇ ਮੂਲ ਪਾਠ ਤੱਕ ਪਹੁੰਚਣ ਦੀ ਪ੍ਰਕਿਰਿਆ ਨੂੰ ਪਾਠ-ਸੰਪਾਦਨ(ਪਾਠ-ਆਲੋਚਨਾ) ਕਿਹਾ ਜਾਂਦਾ ਹੈ।(किसी रचना की विभिन्न पाठों से युक्त प्रतिलिपियों के अध्ययन, अनुशीलन एवं निश्चित सिध्दांतों के अनुगमन द्वारा उस रचना के मूलपाठ तक पहुंचने की प्रक्रिया को पाठ सम्पादन कहते हैं।)"[7]

'ਡਾ. ਮਨਮੋਹਨ ਸਿੰਘ ਅਨੁਸਾਰ' "ਪਰਮਾਣਕ ਪਾਠ-ਸ਼ੋਧ ਦਾ ਲਕਸ਼ ਉਹਨਾਂ ਤਬਦੀਲੀਆਂ, ਭੁੱਲਾਂ, ਕਮੀਆਂ ਤੇ ਨਕਲ ਨਵੀਸਾਂ ਦੀਆਂ ਖੁਰਾਫ਼ਤਾਂ ਨੂੰ ਦੂਰ ਕਰਕੇ ਹੱਥ ਲਿਖਤਾਂ ਨੂੰ ਮੂਲ ਖਰੜੇ ਦੇ ਨਜ਼ਦੀਕ ਪਹੁੰਚਾਣਾ ਹੁੰਦਾ ਹੈ। ਅਜਿਹਾ ਕਰਨ ਵਿਚ ਜਿਸ ਵਿਧੀ ਦਾ ਆਸਰਾ ਲਿਆ ਜਾਂਦਾ ਹੈ, ਉਸਨੂੰ ਪਾਠ-ਸ਼ੋਧ ਜਾਂ ਪਰਮਾਣਕ ਪਾਠ ਤਿਆਰ ਕਰਨ ਦੀ ਵਿਧੀ ਕਹਿੰਦੇ ਹਨ।"[8] ਓਪਰੋਕਤ ਵਰਣਿਤ ਵਿਦਵਾਨਾਂ ਦੇ ਕਥਨਾਂ ਤੋਂ ਪਾਠ ਆਲੋਚਨਾ ਦੇ ਸਰੂਪ ਜਾਂ ਵਿਸ਼ੇ ਖੇਤਰ ਸਬੰਧੀ ਹੇਠ ਲਿਖੇ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ।

1. ਪਾਠ-ਆਲੋਚਨਾ ਦਾ ਆਧਾਰ ਪ੍ਰਾਚੀਨ/ਮੱਧਕਾਲੀਨ ਸਾਹਿਤਕ ਪਾਠਾਂ ਦੇ ਹੱਥਲਿਖਤ, ਪ੍ਰਕਾਸ਼ਿਤ ਸ੍ਰੋਤਾਂ ਵਿੱਚ ਪ੍ਰਾਪਤ ਪਾਠਾਂਤਰ ਜਾਂ ਪਾਠ-ਭੇਦ ਹਨ।
2. ਸਬੰਧਤ ਰਚਨਾਵਾਂ ਦੇ ਮੂਲ ਸ੍ਰੋਤਾਂ ਦੀ ਖੋਜ, ਪੜਤਾਲ, ਤੁਲਨਾਤਮਿਕ ਅਧਿਐਨ-ਵਿਸ਼ਲੇਸ਼ਣ ਰਾਹੀਂ ਰਚਨਾਕਾਰ ਦੇ ਮੂਲ ਪਾਠ ਦੀ ਪ੍ਰਾਪਤੀ ਕਰਵਾਉਣਾ ਪਾਠ - ਆਲੋਚਨਾ ਦਾ ਮੁੱਖ ਮੰਤਵ ਹੈ।

ਸੋ ਉਪਰੋਕਤ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪ੍ਰਾਚੀਨ ਹੱਥਲਿਖਤ ਖਰੜਿਆਂ ਦੀ ਖੋਜ ਅਤੇ ਅਧਿਐਨ-ਵਿਸ਼ਲੇਸ਼ਣ ਰਾਹੀਂ ਰਚਨਾਕਾਰ ਦੇ ਮੂਲ ਪਾਠ ਤੱਕ ਪਹੁੰਚਣ ਦੀ ਸਿਧਾਂਤਕ ਵਿਧੀ ਹੀ ਪਾਠ-ਆਲੋਚਨਾ ਹੈ। ਵਰਤਮਾਨ ਵਿਚ ਸਬੰਧਤ ਵਿਸ਼ੇ ਲਈ ਵਧੇਰੇ ਢੁੱਕਵਾਂ ਤੇ ਪ੍ਰਚੱਲਿਤ ਸ਼ਬਦ 'ਪਾਠ-ਆਲੋਚਨਾ' ਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬੀ ਭਾਸ਼ਾ ਵਿੱਚ ਪਾਠ-ਆਲੋਚਨਾ ਅਤੇ ਪਾਠ-ਅਧਿਐਨ ਦੋਵੇਂ ਸ਼ਬਦ ਸਾਹਿਤ ਦੇ ਵਿਚਾਰਧਾਰਈ ਜਾਂ ਸਾਹਿਤਕ ਪਰਖ-ਪੜਚੋਲ ਲਈ ਵੀ ਰੂੜ੍ਹ ਹੋ ਚੁੱਕੇ ਹਨ। ਪ੍ਰੰਤੂ ਕਿਸੇ ਰਚਨਾ ਦਾ ਵਿਚਾਰਧਾਰਾਈ ਜਾਂ ਸਾਹਿਤਕ ਅਧਿਐਨ ਉੱਚਤਰ-ਆਲੋਚਨਾ ਦੇ ਅੰਤਰਗਤ ਆਉਂਦਾ ਹੈ। ਪ੍ਰਾਚੀਨ ਪਾਠਾਂ ਦੇ ਸਬੰਧ ਵਿੱਚ ਪਾਠ-ਆਲੋਚਨਾ ਉਚਤਰ-ਆਲੋਚਨਾ ਦਾ ਪਹਿਲਾ ਅਤੇ ਜ਼ਰੂਰੀ ਚਰਨ ਹੈ। ਸ਼ੁੱਧ ਜਾਂ ਮੂਲ ਪਾਠ ਨਿਰਧਾਰਨ ਤੋਂ ਬਾਅਦ ਹੀ ਵਿਚਾਰਧਾਰਾਈ ਜਾਂ ਸਾਹਿਤਕ ਅਲੋਚਨਾ ਸੰਭਵ ਹੈ। ਇਸ ਤਰ੍ਹਾਂ ਹੱਥਲੇ ਖੋਜ-ਪੱਤਰ ਵਿਚ ਪਾਠ-ਆਲੋਚਨਾ ਤੋਂ ਭਾਵ ਵਿਚਾਰ-ਅਧੀਨ ਸਾਹਿਤ ਰਚਨਾ ਦੇ ਸ਼ੁੱਧ ਜਾਂ ਮੂਲ ਪਾਠ ਦੇ ਨਿਰਧਾਰਨ ਦੀ ਸਿਧਾਂਤਕ ਵਿਧੀ ਹੈ।

### 3. ਪਾਠ-ਆਲੋਚਨਾਤਮਿਕ ਅਧਿਐਨ ਦੀ ਲੋੜ ਅਤੇ ਮਹੱਤਵ

ਕਿਸੇ ਵੀ ਪ੍ਰਾਚੀਨ/ਮੱਧਕਾਲੀਨ ਸਾਹਿਤਕ ਪਾਠ ਦੇ ਸਾਹਿਤਕ, ਵਿਚਾਰਧਾਰਾਈ, ਭਾਸ਼ਾਈ ਜਾਂ ਇਤਿਹਾਸਕ ਅਧਿਐਨ-ਵਿਸ਼ਲੇਸ਼ਣ ਲਈ ਪਾਠ-ਆਲੋਚਨਾ ਮੁੱਢਲੀ ਅਤੇ ਅਤਿ ਜ਼ਰੂਰੀ

ਸ਼ਰਤ ਹੈ। ਵਾਸਤਵ ਵਿਚ ਕਿਸੇ ਪਾਠ ਦੇ ਪਾਠ-ਆਲੋਚਨਾਤਮਿਕ ਅਧਿਐਨ ਦੁਆਰਾ ਉਸਦਾ ਪ੍ਰਮਾਣਿਕ ਪਾਠ ਸਥਾਪਿਤ ਹੋਣ ਤੋਂ ਬਾਅਦ ਹੀ ਸਾਹਿਤਕ ਜਾਂ ਭਾਸ਼ਾਈ ਅਧਿਐਨ-ਵਿਸ਼ਲੇਸ਼ਣ ਦਾ ਕਾਰਜ ਸ਼ੁਰੂ ਹੁੰਦਾ ਹੈ। ਜੇਕਰ ਸਾਡੇ ਕੋਲ ਪਾਠ ਹੀ ਪ੍ਰਮਾਣਿਕ ਜਾਂ ਸ਼ੁੱਧ ਨਹੀਂ ਤਾਂ ਅਸੀਂ ਕਿਸੇ ਭਾਸ਼ਾ ਜਾਂ ਵਿਚਾਰਧਾਰਾ ਦੇ ਬਾਰੇ ਕਿਸ ਪ੍ਰਕਾਰ ਸਹੀ ਨਤੀਜੇ ਪੇਸ਼ ਕਰ ਸਕਾਂਗੇ। ਪਾਠ-ਆਲੋਚਨਾਤਮਿਕ ਅਧਿਐਨ ਤੋਂ ਬਿਨ੍ਹਾਂ ਸੰਪਾਦਤ ਪਾਠ ਵਿਚਾਰਧਾਰਾ ਅਤੇ ਭਾਸ਼ਾਈ ਪੱਖ ਤੋਂ ਬਹੁਤ ਸਾਰੀਆਂ ਭ੍ਰਾਂਤੀਆਂ ਦਾ ਕਾਰਨ ਬਣਦੇ ਹਨ। ਇਸ ਸਬੰਧ ਵਿੱਚ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਦੇ ਪ੍ਰਕਾਸ਼ਿਤ ਪਾਠਾਂ ਵਿੱਚ ਪ੍ਰਾਪਤ ਪਾਠਾਂਤਰ ਦੇਖੇ ਜਾ ਸਕਦੇ ਹਨ ਜੋ ਸਥਿਤੀ ਨੂੰ ਭਲੀਭਾਂਤ ਸਪੱਸ਼ਟ ਕਰਦੇ ਹਨ।

1. ਪਲਦਾ ਹੈਂ ਤੂੰ **ਜਮ** ਦਾ ਬਕਰਾ। (ਪੰਨਾ:11, ਕਾਫ਼ੀ:13, ਭਾਈ ਦੈਆ ਸਿੰਘ)
2. ਪਲਦਾ ਹੈਂ ਤੂੰ **ਚੰਮ** ਦਾ ਬਕਰਾ। (ਪੰਨਾ:5, ਕਾਫ਼ੀ:3, ਬੁੱਲ੍ਹੇ ਸ਼ਾਹ ਕਾਫ਼ੀਆਂ ਲਾਹੌਰ)
3. ਪਲਦਾ ਹੈਂ ਤੂੰ **ਜਮ** ਦਾ ਬਕਰਾ। (ਪੰਨਾ:28, ਕਾਫ਼ੀ:9, ਡਾ. ਸੁੰਦਰ ਸਿੰਘ ਨਰੂਲਾ)
4. **ਇਕ ਦਿਨ ਅਜਲ** ਦਾ ਬਕਰਾ ਹੋ ਕੇ। (ਪੰਨਾ:117, ਕਾਫ਼ੀ:13, ਡਾ. ਮੋਹਨ ਸਿੰਘ)
5. ਪਲਦਾ ਹੈਂ ਤੂੰ **ਜਮ** ਦਾ ਬਕਰਾ। (ਪੰਨਾ:13, ਕਾਫ਼ੀ:13, ਮੁਨਸ਼ੀ ਗੁਲਾਬ ਸਿੰਘ)
6. ਪਲਦਾ ਹੈਂ ਤੂੰ **ਅਜ਼ਲ** ਦਾ ਬਕਰਾ। (ਪੰਨਾ:79, ਕਾਫ਼ੀ:36, ਪਿਆਰਾ ਸਿੰਘ ਪਦਮ)
7. ਪਲਦਾ ਹੈਂ ਤੂੰ **ਜਿਸਮ** ਦਾ ਬਕਰਾ। (ਪੰਨਾ:26, ਕਾਫ਼ੀ:39, ਡਾ. ਪ੍ਰੀਤਮ ਸੈਨੀ)
8. ਪਲਦਾ ਹੈਂ ਤੂੰ **ਜਮ** ਦਾ ਬਕਰਾ। (ਪੰਨਾ:26, ਕਾਫ਼ੀ:39, ਡਾ. ਪ੍ਰੀਤਮ ਸੈਨੀ)
9. ਪਲਦਾ ਹੈਂ ਤੂੰ ਜਮ ਦਾ ਬਕਰਾ। (ਪੰਨਾ:101, ਕਾਫ਼ੀ:60, ਡਾ. ਜਗਤਾਰ)

ਉਪਰੋਕਤ ਉਦਾਹਰਨਾਂ ਵਿਚ ਰੇਖਾਂਕਿਤ ਸ਼ਬਦ ਬੁੱਲ੍ਹੇ ਸ਼ਾਹ ਕਾਵਿ-ਪਾਠ ਸਬੰਧੀ ਭਰਮ ਭੁਲੇਖਿਆਂ ਵਾਲੀ ਸਥਿਤੀ ਨੂੰ ਭਲੀਭਾਂਤ ਸਪੱਸ਼ਟ ਕਰ ਰਹੇ ਹਨ। ਇਹ ਇਕ ਕਾਫ਼ੀ ਦੀ ਨਮੂਨੇ ਮਾਤਰ ਉਦਾਹਰਨ ਹੈ। ਅਜਿਹੀਆਂ ਅਨੇਕ ਪ੍ਰਕਾਰ ਦੀਆਂ ਅਸ਼ੁੱਧੀਆਂ ਬੁੱਲ੍ਹੇ ਸ਼ਾਹ ਕਾਵਿ ਸਬੰਧੀ ਪ੍ਰਕਾਸ਼ਿਤ ਪੁਸਤਕਾਂ ਵਿੱਚ ਪ੍ਰਾਪਤ ਹੋ ਰਹੀਆਂ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਆਖਿਰ ਸਹੀ ਜਾਂ ਮੂਲ ਪਾਠ ਕਿਹੜਾ ਹੋਵੇਗਾ? ਪ੍ਰਕਾਸ਼ਿਤ ਪਾਠਾਂ ਵਿੱਚ ਵੀ ਪਾਠਾਂਤਾਰਾਂ ਦੇ ਕੀ ਕਾਰਨ ਹਨ? ਆਦਿ। ਸਪੱਸ਼ਟ ਹੈ ਪ੍ਰਕਾਸ਼ਿਤ ਪਾਠਾਂ ਵਿੱਚ ਪਾਠਾਂਤਰਾਂ ਦੇ ਕਾਰਨ ਇੱਕ ਲਿੱਪੀ ਤੋਂ ਦੂਜੀ ਲਿੱਪੀ ਵਿੱਚ ਅਨੁਵਾਦ ਛਾਪੇ ਦੀਆਂ ਗਲਤੀਆਂ, ਸੰਪੂਰਨ ਸ੍ਰੋਤਾਂ ਦੀ ਖੋਜ ਦੀ ਅਣਹੋਂਦ ਵਿੱਚ ਪ੍ਰਕਾਸ਼ਨ ਹੈ। ਇਸ ਤਰ੍ਹਾਂ ਪਾਠ-ਆਲੋਚਨਾ ਦੁਆਰਾ ਹੀ ਅਜਿਹੀ ਗਲਤੀਆਂ ਦਾ ਸੁਧਾਰ ਕਰਕੇ ਸਹੀ ਜਾਂ ਮੂਲ ਪਾਠ ਦੀ ਪ੍ਰਸਤੁਤੀ

ਸੰਭਵ ਹੈ। ਇਸ ਤਰ੍ਹਾਂ ਹੀ ਭਾਸ਼ਾਵਿਗਿਆਨਕ ਅਧਿਐਨ ਵਿੱਚ ਤਾਂ ਪਾਠ-ਆਲੋਚਨਾਤਮਿਕ ਅਧਿਐਨ ਦਾ ਪਹਿਲਾ ਸਥਾਨ ਹੈ। ਸਾਹਿਤ ਜਿੱਥੇ ਕਿਸੇ ਲੇਖਕ ਦੀ ਵਿਚਾਰਧਾਰਾ ਨੂੰ ਰੂਪਮਾਨ ਕਰਦਾ ਹੈ ਉੱਥੇ ਸਮਕਾਲੀਨ ਭਾਸ਼ਾ ਦਾ ਦਸਤਾਵੇਜ਼ੀ ਸ੍ਰੋਤ ਵੀ ਹੁੰਦਾ ਹੈ। ਇਸ ਪ੍ਰਕਾਰ ਸਮਕਾਲੀਨ ਭਾਸ਼ਾ ਸਬੰਧੀ ਸਹੀ ਤੱਥਾਂ ਦੀ ਪ੍ਰਾਪਤੀ, ਰਚਨਾਕਾਰ ਦੀ ਸ਼ਖ਼ਸੀਅਤ ਅਤੇ ਵਿਚਾਰਧਾਰਾ ਦੀ ਯਥਾਰਥ ਪੇਸ਼ਕਾਰੀ ਵਿੱਚ ਪਾਠ-ਆਲੋਚਾਨਮਿਕ ਅਧਿਐਨ ਦਾ ਸਥਾਨ ਮਹੱਤਵਪੂਰਨ ਅਤੇ ਸ਼੍ਰੋਮਣੀ ਹੈ।

**4. ਪਾਠ-ਆਲੋਚਨਾ ਸਿਧਾਂਤਕ ਵਿਧੀ**

ਪਾਠ-ਆਲੋਚਨਾ ਦਾ ਵਿਕਾਸ ਯੂਰਪ ਵਿੱਚ ਪ੍ਰਾਚੀਨ ਗ੍ਰੰਥਾਂ ਦੇ ਸੰਪਾਦਨ ਤੋਂ ਹੋਇਆ। ਭਾਰਤ ਵਿੱਚ ਇਸ ਦਾ ਆਰੰਭ ਮਹਾਂਭਾਰਤ ਅਤੇ ਰਮਾਇਣ ਜਿਹੇ ਧਾਰਮਿਕ ਪ੍ਰਾਚੀਨ ਗ੍ਰੰਥਾਂ ਦੇ ਮੂਲ ਪਾਠ ਦੇ ਨਿਰਾਧਰਨ ਅਤੇ ਸੰਪਾਦਨ ਤੋਂ ਹੋਇਆ। ਪਾਠ-ਆਲੋਚਨਾ ਦੇ ਸਿਧਾਂਤਕ ਪੱਖ ਸਬੰਧੀ ਸਭ ਤੋਂ ਪਹਿਲਾ ਕੰਮ ਡਾ. ਵੀ ਐਸ ਸੁਕਥੰਕਰ ਨੇ ਕੀਤਾ।"[9] ਇਸ ਉਪਰੰਤ ਡਾ. ਐਸ. ਐੱਮ.ਕਾਤਰੇ ਨੇ ਭਾਰਤੀ ਪਾਠ-ਆਲੋਚਨਾ ਜਾਣ-ਪਛਾਣ ਨਾਂ ਦੀ ਪੁਸਤਕ ਦੀ ਰਚਨਾ ਕੀਤੀ। ਪੰਜਾਬੀ ਭਾਸ਼ਾਂ ਵਿੱਚ ਵਿਦਵਾਨਾਂ ਨੇ ਵਿਅਕਤੀਗਤ ਪੱਧਰ ਤੇ ਕੁੱਝ ਮੱਧਕਾਲੀਨ ਸਾਹਿਤਕ ਪਾਠਾਂ ਦੇ ਸੰਪਾਦਨ ਸਬੰਧੀ ਪਾਠ-ਆਲੋਚਨਾਤਮਿਕ ਪਹੁੰਚ ਨੂੰ ਅੰਸ਼ਕ ਰੂਪ ਵਿੱਚ ਅਪਣਾਇਆ ਹੈ। ਸੰਸਥਾਗਤ ਪੱਧਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਮਾਰਚ 1994 ਦੇ ਖੋਜ ਪੱਤ੍ਰਿਕਾ ਖੋਜ ਰਸਾਲੇ ਵਿੱਚ ਪਾਠ-ਆਲੋਚਨਾ ਦੇ ਸਿਧਾਂਤਕ ਪੱਖ ਸਬੰਧੀ 'ਹੱਥ-ਲਿਖਤ ਸੰਪਾਦਨ ਕਲਾ' ਸਿਰਲੇਖ ਅਧੀਨ ਸਿਧਾਂਤਕ ਅੰਕ ਪ੍ਰਕਾਸ਼ਿਤ ਕੀਤਾ ਗਿਆ। ਸਿਧਾਂਤਕ ਪੱਖ ਤੋਂ ਖੋਜ ਪੱਤ੍ਰਿਕਾ ਦਾ ਇਹ ਵਿਸ਼ੇਸ਼ ਅੰਕ ਮੁੱਲਵਾਨ ਪ੍ਰਾਪਤੀ ਹੈ ਜੋ ਖੋਜਰਥੀਆਂ ਨੂੰ ਵਿਸ਼ੇ ਦੀ ਮੁੱਢਲੀ ਜਾਣ-ਪਛਾਣ ਕਰਵਾਉਣ ਵਿੱਚ ਬਹੁਤ ਹੱਦ ਤੱਕ ਸਹਾਇਕ ਬਣਦਾ ਹੈ। ਪਾਠ-ਆਲੋਚਨਾ ਦੇ ਇਤਿਹਾਸਕ ਵਿਕਾਸ ਅਨੁਸਾਰ ਆਰੰਭ ਤੋਂ ਲੈ ਕੇ ਵਰਤਮਾਨ ਤੱਕ ਇਸ ਦੀਆਂ ਦੋ ਅਵਸਥਾਵਾਂ ਮੰਨੀਆਂ ਗਈਆਂ ਹਨ।

(1) ਪ੍ਰਾਚੀਨ ਅਵਸਥਾ

(2) ਆਧੁਨਿਕ ਅਵਸਥਾ

**4.1 ਪ੍ਰਾਚੀਨ ਅਵਸਥਾ** -ਪ੍ਰਾਚੀਨ ਅਵਸਥਾ ਦੇ ਮੁਤਾਬਿਕ ਪਾਠ-ਆਲੋਚਨਾ ਦੇ ਦੋ ਮੁੱਖ ਵਿਭਾਗ ਸਨ

(1) ਪਾਠ-ਨਿਰਧਾਰਨ (Recension)

(2) ਪਾਠ-ਸੁਧਾਰ (Emendation)

### 4.1.1 ਪਾਠ-ਨਿਰਧਾਰਨ

ਪਾਠ-ਨਿਰਧਾਰਨ ਦੇ ਅੰਤਰਗਤ ਸਬੰਧਤ ਰਚਨਾ ਜਾਂ ਗ੍ਰੰਥ ਦੇ ਪਾਠ ਨਾਲ ਸਬੰਧਤ ਸਮੱਗਰੀ ਦਾ ਸੰਕਲਨ, ਸਮੱਗਰੀ ਪਰੀਖਿਆ, ਹੱਥਲਿਖਤ ਸ੍ਰੋਤਾਂ ਦਾ ਕੁਰਸੀਨਾਮਾ ਜਾਂ ਕ੍ਰਮ ਤਿਆਰ ਕਰਨਾ, ਕੁਰਸੀਨਾਮੇ ਦੇ ਅਧਾਰ 'ਤੇ ਪਾਠ-ਪੁਨਰਨਿਰਮਾਣ ਕਰਨਾ ਆਦਿ ਸ਼ਾਮਿਲ ਹੁੰਦਾ ਸੀ।

### 4.1.2 ਪਾਠ-ਸੁਧਾਰ

ਪਾਠ ਸੁਧਾਰ ਦੇ ਅੰਤਰਗਤ ਰਚਨਾਕਾਰ ਦੇ ਮੂਲ ਪਾਠ ਵਿੱਚ ਆਏ ਵਿਗਾੜਾਂ ਨੂੰ ਨਿਯਮਬਧ ਤਰੀਕੇ ਨਾਲ ਦੂਰ ਕਰਕੇ ਰਚਨਾਕਾਰ ਦੀ ਮੂਲ ਲਿਖਤ ਤੱਕ ਪਹੁੰਚਿਆ ਜਾਂਦਾ ਹੈ। ਪਾਠ-ਨਿਰਧਾਰਨ ਅਤੇ ਪਾਠ-ਸੁਧਾਰ ਦੇ ਅੰਤਰਗਤ ਜਿੰਨੇ ਵੀ ਕਾਰਜ ਸਮੱਗਰੀ ਸੰਕਲਨ, ਸਮੱਗਰੀ ਪ੍ਰੀਖਿਆ, ਸ੍ਰੋਤਾਂ ਦਾ ਕੁਰਸੀਨਾਮਾ, ਗਲਤੀਆਂ ਦੀ ਸੁਧਾਈ ਆਦਿ ਆਉਂਦੇ ਹਨ ਬਹੁਤ ਸਾਵਧਾਨੀ ਵਾਲੇ ਅਤੇ ਵਿਦਵਤਾ ਭਰਪੂਰ ਯਤਨਾਂ ਦੀ ਮੰਗ ਕਰਦੇ ਹਨ। ਅਜਿਹੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ "ਯੂਰਪੀ ਵਿਦਵਾਨਾਂ ਨੇ ਗ੍ਰੀਕ ਲੈਟਿਨ ਗ੍ਰੰਥਾਂ ਦੀ ਪਾਠ-ਆਲੋਚਨਾ ਵਿਧੀ ਨੂੰ ਚਾਰ ਵਿਭਾਗਾਂ ਵਿਚ ਵੰਡਿਆ"[10] ਇਹ ਚਾਰ ਪੜਾਅ ਹੀ ਪਾਠ-ਆਲੋਚਨਾ ਦੀ ਆਧੁਨਿਕ ਵਿਧੀ ਹੈ।

### 4.2 ਆਧੁਨਿਕ ਅਵਸਥਾ

ਵਰਤਮਾਨ ਦੌਰ ਵਿਚ ਕਿਸੇ ਸਾਹਿਤਕ ਪਾਠ ਦੀ ਪਾਠ-ਆਲੋਚਨਾ ਹੇਠ ਲਿਖੇ ਚਾਰ ਭਾਗਾਂ ਵਿਚ ਵੰਡ ਕੇ ਕੀਤੀ ਜਾਂਦੀ ਹੈ।

(1) ਸਮੱਗਰੀ ਸੰਕਲਨ ਅਤੇ ਕੁਰਸੀਨਾਮਾ ਤਿਆਰ ਕਰਨਾ (Heuristics)

(2) ਪਾਠ-ਨਿਰਮਾਣ (Recension)

(3) ਪਾਠ-ਸੁਧਾਰ (Emendation)

(4) ਪਾਠ-ਵਿਵੇਚਨ (Higher criticism)

### 4.2.1. ਸਮੱਗਰੀ ਸੰਕਲਨ ਅਤੇ ਕੁਰਸੀਨਾਮਾ ਤਿਆਰ ਕਰਨਾ (Heuristics)

ਸਮੱਗਰੀ ਸੰਕਲਨ ਦੇ ਅੰਤਰਗਤ ਪਾਠ-ਆਲੋਚਕ ਸਭ ਤੋਂ ਪਹਿਲਾਂ ਵਿਚਾਰ ਅਧੀਨ ਪਾਠ ਸਬੰਧੀ ਸਮਸਤ ਆਧਾਰ ਸ੍ਰੋਤ ਸਮੱਗਰੀ ਨੂੰ ਦੋ ਵਰਗਾਂ ਵਿਚ ਵੰਡਦਾ ਹੈ।

(1) ਮੁੱਖ ਸਮੱਗਰੀ

(2) ਗੌਣ ਸਮੱਗਰੀ

**4.2.1.1 ਮੁੱਖ ਸਮੱਗਰੀ**

ਮੁੱਖ ਸਮੱਗਰੀ ਤੋਂ ਭਾਵ ਸਬੰਧਤ ਪਾਠ ਦੇ ਪ੍ਰਾਪਤ ਵੱਖ-ਵੱਖ ਹੱਥ ਲਿਖਤ ਖਰੜੇ ਹਨ। ਇਹ ਹੀ ਉਹ ਆਧਾਰ ਸਮੱਗਰੀ ਹੈ ਜਿਸ ਦਾ ਪਾਠ-ਆਲੋਚਨਾਤਮਿਕ ਅਧਿਐਨ ਹੋਣਾ ਹੁੰਦਾ ਹੈ। ਆਲੋਚਕ ਦਾ ਪਹਿਲਾ ਕੰਮ ਮੁੱਖ ਸਮੱਗਰੀ ਦਾ ਜਿੱਥੋਂ ਤੱਕ ਸੰਭਵ ਹੋਵੇ ਵੱਧ ਤੋਂ ਵੱਧ ਇੱਕਤਰੀਕਰਨ ਕਰਨਾ ਹੈ।

**4.2.1.2. ਗੌਣ ਸਮੱਗਰੀ**

ਗੌਣ ਸਮੱਗਰੀ ਅਸਲ ਵਿਚ ਸਹਾਇਕ ਸਮੱਗਰੀ ਹੁੰਦੀ ਹੈ। ਪਾਠ-ਆਲੋਚਨਾ ਵਿਚ ਪਾਠ ਦੀ ਪ੍ਰਮਾਣਿਕਤਾ ਨਿਰਧਾਰਨ ਕਰਨ ਲਈ ਗੌਣ ਸਮੱਗਰੀ ਸਹਾਇਕ ਦਾ ਕਾਰਜ ਕਰਦੀ ਹੈ। ਗੌਣ ਸਮੱਗਰੀ ਦੇ ਅੰਤਰਗਤ ਸਬੰਧਤ ਰਚਨਾਕਾਰ ਦੀਆਂ ਹੋਰ ਰਚਨਾਵਾਂ ਦੇ ਪਾਠ, ਟੀਕੇ, ਅਨੁਵਾਦ, ਕਥਨ ਸੰਗ੍ਰਹਿ ਆਦਿ ਸ਼ਾਮਿਲ ਹਨ। ਪਾਠ ਪ੍ਰਮਾਣਿਕਤਾ ਜਾਂ ਰਚਨਾਕਾਰ ਦਾ ਸਮਾਂ ਨਿਰਧਾਰਨ ਕਰਨ ਵਿਚ ਗੌਣ ਸਮੱਗਰੀ ਅਹਿਮ ਭੂਮਿਕਾ ਨਿਭਾਉਂਦੀ ਹੈ। ਪਾਠ-ਆਲੋਚਨਾ ਦੀ ਤਕਨੀਕੀ ਸ਼ਬਦਾਵਲੀ ਅਨੁਸਾਰ ਅੰਗਰੇਜ਼ੀ ਭਾਸ਼ਾ ਵਿਚ ਗੌਣ ਸਮੱਗਰੀ ਲਈ "Testimonia" ਸ਼ਬਦ ਵਰਤਿਆ ਜਾਂਦਾ ਹੈ। ਡਾ. ਐੱਸ.ਐੱਮ.ਕਾਤਰੇ ਅਨੁਸਾਰ, "ਗੌਣ ਸਮੱਗਰੀ/ਹਵਾਲਾ ਸਮੱਗਰੀ ਅੰਸ਼ਕ ਪ੍ਰਕ੍ਰਿਤੀ ਦਾ ਪ੍ਰਮਾਣ ਹੈ ਜੋ ਪ੍ਰਤੱਖ ਦਸਤਾਵੇਜ਼ੀ ਪ੍ਰਮਾਣਾਂ ਤੋਂ ਵੱਖਰਾ ਹੁੰਦਾ ਹੈ| ਇਹ ਕਿਸੇ ਪ੍ਰਾਚੀਨ ਪ੍ਰਚੱਲਿਤ ਪਾਠ ਦੀ ਸਥਿਤੀ ਨਿਰਧਾਰਨ ਕਰਨ ਦੇ ਉਦੇਸ਼ ਨਾਲ ਹਵਾਲਿਆਂ, ਟੀਕਿਆਂ, ਅਨੁਵਾਦ, ਸਾਰ-ਅੰਸ਼, ਰੂਪਾਂਤਰਣ, ਸੰਖੇਪ ਵਿਵਰਣ ਆਦਿ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ।" (Testimonia evidence of a partial nature, other than the direct documents evidence, found in quotation, commentaries, translations, epitomes or adaptations, resume, etc. for setting the condition of transmitted text.)[11]

**4.2.1.3 ਕੁਰਸੀਨਾਮਾ ਤਿਆਰ ਕਰਨਾ**

ਕੁਰਸੀਨਾਮਾ ਤੋਂ ਭਾਵ ਸਬੰਧਤ ਪਾਠ ਦੀਆਂ ਇਕੱਤਰ ਹੱਥਲਿਖਤਾਂ ਦੀ ਪਰਖ-ਪੜਚੋਲ ਉਪਰੰਤ ਹੱਥਲਿਖਤਾਂ ਦਾ ਇਕ ਸਬੰਧ-ਕ੍ਰਮ ਤਿਆਰ ਕਰਨਾ ਹੈ। ਇਸ ਸਬੰਧ-ਕ੍ਰਮ ਵਿਚ ਦੇਖਿਆ ਜਾਂਦਾ ਹੈ ਕਿ ਕਿਹੜੀਆਂ ਹੱਥ ਲਿਖਤਾਂ ਵਧੇਰੇ ਮੂਲ ਦੇ ਨੇੜੇ ਹਨ ਜਾਂ ਕਿਹੜੀਆਂ ਵਿਚ ਪਾਠ ਪਰਿਵਰਤਨ ਵਧੇਰੇ ਹੋਇਆ ਹੈ। ਹੱਥਲਿਖਤ ਸ੍ਰੋਤਾਂ ਦਾ ਕੁਰਸੀਨਾਮਾ ਤਿਆਰ

ਕਰਨ ਲਈ ਪਾਠ-ਅਲੋਚਕ ਹੱਥਲਿਖਤਾਂ ਅਤੇ ਗੌਣ ਸਮੱਗਰੀ ਦੋਹਾਂ ਦੀ ਜਾਂਚ-ਪੜਤਾਲ ਦਾ ਸਹਾਰਾ ਲੈਂਦਾ ਹੈ। ਪਾਠ-ਸ੍ਰੋਤਾਂ ਵਿੱਚ ਸਬੰਧ ਕਾਇਮ ਕਰਕੇ ਕੁਰਸੀਨਾਮਾ ਤਿਆਰ ਕਰਨ ਲਈ ਵੱਡਾ ਸਹਾਰਾ ਪਾਠ ਵਿਚ ਪ੍ਰਾਪਤ ਪਾਠਾਂਤਰ ਹੀ ਬਣਦੇ ਹਨ। ਇਹ ਪਾਠਾਂਤਰ ਕਈ ਪ੍ਰਕਾਰ ਦੇ (ਪਾਠ ਵ੍ਰਿਧੀ, ਪਾਠ-ਲੋਪ, ਪਾਠ-ਪਰਿਵਰਤਨ, ਪਾਠ ਰਲਾ) ਹੁੰਦੇ ਹਨ। ਇਹਨਾਂ ਪਾਠਾਂਤਰਾਂ ਦੇ ਆਧਾਰ ਸ੍ਰੋਤਾਂ ਦੀ ਪਰਖ-ਪੜਚੋਲ ਲਈ ਆਲੋਚਕ ਹੇਠ ਲਿਖੀਆਂ ਦੋ ਵਿਧੀਆਂ ਅਪਣਾਉਂਦਾ ਹੈ।

(1) ਬਾਹਰੀ ਪਰੀਖਿਆ (2) ਅੰਦਰੂਨੀ ਪਰੀਖਿਆ

**4.2.1.3.1. ਬਾਹਰੀ ਪਰੀਖਿਆ**

ਬਾਹਰੀ ਪਰੀਖਿਆ ਦੇ ਅੰਤਰਗਤ ਆਲੋਚਕ ਹੱਥਲਿਖਤ ਖਰੜੇ ਦਾ ਆਕਾਰ, ਪੰਨਾ ਸੰਖਿਆ, ਪਾਠ ਪੂਰਾ ਜਾਂ ਅਧੂਰਾ, ਸਿਆਹੀ, ਕਾਗਜ਼ ਦੀ ਕਿਸਮ, ਅੰਤਿਕਾ, ਲਿਖਾਵਟ, ਮਿਤੀ ਆਦਿ ਦੀ ਜਾਂਚ ਕਰਦਾ ਹੈ।

**4.2.1.3.2. ਅੰਦਰੂਨੀ ਪਰੀਖਿਆ**

ਅੰਦਰੂਨੀ ਪਰੀਖਿਆ ਦੇ ਅੰਤਰਗਤ ਕਵੀ ਦੀ ਭਾਸ਼ਾ ਸ਼ੈਲੀ, ਵਿਚਾਰਧਾਰਾ ਨੂੰ ਆਧਾਰ ਬਣਾ ਕੇ ਪਾਠ ਦੀ ਪ੍ਰਮਾਣਿਕਤਾ ਦੇ ਸਬੂਤ ਪ੍ਰਾਪਤ ਕੀਤੇ ਜਾਂਦੇ ਹਨ। ਸਮੱਗਰੀ ਇਕੱਤਰੀਕਰਨ ਦੇ ਬਾਅਦ ਬਾਹਰੀ ਅਤੇ ਅੰਦਰੂਨੀ ਪਰੀਖਿਆ ਦੇ ਆਧਾਰ 'ਤੇ ਸਮਸਤ ਹੱਥਲਿਖਤਾਂ ਨੂੰ ਇਕ ਸਬੰਧ-ਕ੍ਰਮ ਦਿੱਤਾ ਜਾਂਦਾ ਹੈ। ਇਹ ਸਬੰਧ ਕ੍ਰਮ ਹੀ ਪਾਠ ਸ੍ਰੋਤਾਂ ਦਾ ਕੁਰਸੀਨਾਮਾ ਹੈ। ਕੁਰਸੀਨਾਮਾ ਤਿਆਰ ਹੋਣ ਤੋਂ ਬਾਅਦ ਹੀ ਪਤਾ ਚਲਦਾ ਹੈ ਕਿ ਕਿਸ ਖਰੜੇ ਦਾ ਪਾਠ ਸ਼ੁੱਧ ਜਾਂ ਮੂਲ ਦੇ ਵਧੇਰੇ ਨੇੜੇ ਹੈ ਜਾਂ ਕਿਸ ਦਾ ਵਧੇਰੇ ਭ੍ਰਸ਼ਟ ਜਾਂ ਰਲਾ ਸਹਿਤ ਹੈ। ਕੁਰਸੀਨਾਮਾ ਤਿਆਰ ਕਰਨਾ ਸਭ ਤੋਂ ਵਧੇਰੇ ਮੁਸ਼ਕਿਲ ਅਤੇ ਸਮਝਦਾਰੀ ਭਰਿਆ ਕਾਰਜ ਹੈ। ਇਕ ਵਾਰ ਪਾਠ ਦੀਆਂ ਹੱਥਲਿਖਤਾਂ ਦਾ ਕੁਰਸੀਨਾਮਾ ਤਿਆਰ ਹੋ ਜਾਣ 'ਤੇ ਪਾਠ-ਪੁਨਰਨਿਰਮਾਣ ਜਾਂ ਮੂਲ ਪਾਠ ਦੀ ਪ੍ਰਾਪਤੀ ਦੀ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋਣ ਦੇ ਕਰੀਬ ਪਹੁੰਚ ਜਾਂਦੀ ਹੈ।

**4.2.2. ਪਾਠ-ਨਿਰਮਾਣ (Recension)**

ਪਾਠ ਨਿਰਮਾਣ ਤੋਂ ਭਾਵ ਮੂਲਪਾਠ ਦੇ ਪੁਨਰਨਿਰਮਾਣ ਦੀ ਉਹ ਪ੍ਰਕਿਰਿਆ ਹੈ ਜਿਸ ਵਿਚ ਹੱਥਲਿਖਤ ਖਰੜਿਆਂ ਦੇ ਤੁਲਨਾਤਮਕ ਅਧਿਐਨ ਦੇ ਆਧਾਰ 'ਤੇ ਪਾਠ ਗ੍ਰਹਿਣ ਕੀਤਾ ਜਾਂਦਾ ਹੈ।

ਹੱਥਲਿਖਤਾਂ ਦਾ ਕੁਰਸੀਨਾਮਾ ਤਿਆਰ ਹੋ ਜਾਣ ਤੋਂ ਬਾਅਦ ਸਥਿਤੀ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਕਿਹੜੀ ਹੱਥ ਲਿਖਤ ਮੂਲ ਦੇ ਵਧੇਰੇ ਨੇੜੇ ਹੈ ਜਾਂ ਕਿਹੜੀ ਹੱਥਲਿਖਤ ਮੂਲ ਤੋਂ ਵਧੇਰੇ ਭਿੰਨ ਜਾਂ ਪਰਿਵਰਤਿਤ ਹੈ? ਪ੍ਰਾਪਤ ਖਰੜਿਆਂ ਵਿੱਚੋਂ ਕਿੰਨੇ ਲਾਭਦਾਇਕ ਜਾਂ ਸਹਾਇਕ ਹੋ ਸਕਦੇ ਹਨ ?ਆਦਿ। ਪਾਠਾਂ ਵਿੱਚ ਅਸ਼ੁੱਧੀਆਂ ਕਿਸ ਪ੍ਰਕਾਰ ਦੀਆਂ ਹਨ? ਪਾਠ ਦਾ ਪੁਨਰਨਿਰਮਾਣ ਲਈ ਕਿਹੜੇ ਖਰੜਿਆਂ ਤੋਂ ਕਿਸ ਪ੍ਰਕਾਰ ਦੇ ਪਾਠ ਦੀ ਚੋਣ ਕੀਤੀ ਜਾਵੇ ?ਆਦਿ ਸਵਾਲ ਪਾਠ-ਨਿਰਮਾਣ ਵਿਭਾਗ ਦਾ ਵਿਸ਼ਾ ਹੈ। ਪਾਠ ਦੇ ਪੁਨਰ-ਨਿਰਮਾਣ ਲਈ ਵੀ ਕੁੱਝ ਨਿਯਮ ਹਨ ਜਿਨ੍ਹਾਂ ਦੇ ਆਧਾਰ ਦੇ ਪਾਠ ਦੀ ਚੋਣ ਕੀਤੀ ਜਾਂਦੀ ਹੈ। ਇਹ ਨਿਯਮ ਹੇਠ ਲਿਖੇ ਅਨੁਸਾਰ ਹਨ:-

1. ਅੰਦਰੂਨੀ ਪ੍ਰੀਖਿਆ ਅਤੇ ਬਾਹਰੀ ਪਰੀਖਿਆ ਦੇ ਆਧਾਰ ਤੇ ਪ੍ਰਮਾਣਿਤ ਪਾਠ ਹੀ ਸਵੀਕਾਰਨਯੋਗ ਹੈ।
2. ਔਖਾ ਜਾਂ ਪ੍ਰਚੱਲਿਤ ਪਾਠ ਮੂਲ ਦੇ ਵਧੇਰੇ ਨੇੜੇ ਮੰਨਿਆ ਜਾਵੇਗਾ।
3. ਜਿਸ ਪਾਠ ਦੀ ਗਿਣਤੀ ਅਤੇ ਰਚਨਾ ਸਬੰਧੀ ਵਧੇਰੇ ਸ੍ਰੋਤ ਪ੍ਰਾਪਤ ਹੋਣ ਉਹ ਮੂਲ ਦੇ ਨਜ਼ਦੀਕ ਹੋਵੇਗਾ।
4. ਉਹ ਪਾਠ ਸਵੀਕਾਰ ਕੀਤੇ ਜਾਣ ਜਿਨ੍ਹਾਂ ਤੋਂ ਹੋਰ ਪਾਠਾਂ ਦਾ ਵਿਕਾਸ ਹੋਇਆ ਹੋਵੇ।
5. ਹਰ ਪਾਠ ਦੀ ਪ੍ਰਮਾਣਿਕਤਾ ਨੂੰ ਸੁਤੰਤਰ ਰੂਪ ਵਿਚ ਜਾਂਚਣ ਪਰਖਣ ਤੋਂ ਬਾਅਦ ਹੀ ਸਵੀਕਾਰ ਕਰਨ ਯੋਗ ਹੈ।

**4.2.3. ਪਾਠ-ਸੁਧਾਰ (Emendation)**

ਸਮੱਗਰੀ ਸੰਕਲਨ, ਹੱਥਲਿਖਤਾਂ ਦਾ ਕੁਰਸੀਨਾਮਾ ਤਿਆਰ ਕਰਨ ਅਤੇ ਪਾਠ-ਨਿਰਮਾਣ ਹੋ ਜਾਣ ਤੋਂ ਬਾਅਦ ਤੀਜਾ ਚਰਨ 'ਪਾਠ-ਸੁਧਾਰ' ਹੈ। ਪਾਠ-ਨਿਰਮਾਣ ਕਰਨ ਤੋਂ ਬਾਅਦ ਜੋ ਪਾਠ ਸਾਨੂੰ ਪ੍ਰਾਪਤ ਹੁੰਦਾ ਹੈ ਇਹ ਜ਼ਰੂਰੀ ਨਹੀਂ ਕਿ ਉਹ ਰਚਨਾਕਾਰ ਰਚਿਤ ਪਾਠ ਹੀ ਹੋਵੇ। ਪਾਠ-ਆਲੋਚਨਾ ਦਾ ਕਾਰਜ ਰਚਨਾਕਾਰ ਰਚਿਤ ਪਾਠ ਮੁਹੱਈਆ ਕਰਵਾਉਣਾ ਹੁੰਦਾ ਹੈ ਨਾ ਕਿ ਸਭ ਤੋਂ ਪ੍ਰਾਚੀਨ ਪਾਠ ਦੀ ਪ੍ਰਾਪਤੀ ਕਰਵਾਉਣਾ। ਜੇਕਰ ਪਾਠ-ਆਲੋਚਕ ਦਾ ਕਾਰਜ ਸਿਰਫ਼ ਪਾਠ ਨਿਰਮਾਣ ਕਰਨਾ ਹੀ ਹੋਵੇ ਤਾਂ ਇਹ ਕਾਫ਼ੀ ਆਸਾਨ ਹੈ। ਇਸ ਸਥਿਤੀ ਵਿੱਚ ਪਾਠ ਵਿੱਚ ਹੱਥਲਿਖਤਮੂਲਕ, ਪ੍ਰਸੰਗ ਅਤੇ ਸੰਪਾਦਨਮੂਲਕ ਸਾਰੀਆਂ ਅਸ਼ੁੱਧੀਆਂ ਸਵੀਕਾਰ ਕਰ ਲਈਆਂ ਜਾਣਗੀਆਂ ਜੋ ਪ੍ਰਾਪਤ ਰਚਨਾ ਦੇ ਪ੍ਰਾਚੀਨ ਜਾਂ ਮੂਲ ਪਾਠ ਵਿੱਚ ਪ੍ਰਾਪਤ ਸਨ। ਪ੍ਰੰਤੂ ਇਸ ਤਰ੍ਹਾਂ ਨਿਰਮਤ ਪਾਠ ਸਿਰਫ਼ ਪ੍ਰਾਚੀਨ ਹੋ ਸਕਦਾ ਹੈ ਰਚਨਾਕਾਰ

ਰਚਿਤ ਹੋਵੇਗਾ ਜ਼ਰੂਰੀ ਨਹੀਂ। ਪਾਠ ਸੁਧਾਰ ਵਿੱਚ ਆਲੋਚਕ ਪਾਠ ਸਬੰਧੀ ਪ੍ਰਾਪਤ ਬਾਹਰੀ ਅਤੇ ਅੰਦਰੂਨੀ ਪ੍ਰਮਾਣਾਂ ਦੇ ਆਧਾਰ ਤੇ ਪਾਠ ਦਾ ਨਿਸ਼ਚਾ ਕਰਦਾ ਹੋਇਆ ਰਚਨਾਕਾਰ ਰਚਿਤ ਮੂਲ ਪਾਠ ਤੱਕ ਪਹੁੰਚਦਾ ਹੈ। ਡਾ. ਘਨੱਈਆ ਸਿੰਘ ਅਨੁਸਾਰ, "ਪਾਠ-ਸੁਧਾਰ ਹੱਥ-ਲਿਖਤ ਪ੍ਰੰਪਰਾ ਵਿਚ ਪ੍ਰਾਪਤ ਹੋਣ ਵਾਲੇ ਸਾਰੇ ਅਪ੍ਰਮਾਣਿਕ ਤੱਤਾਂ ਨੂੰ ਦੂਰ ਕਰਨ ਦਾ ਯਤਨ ਹੈ| ਇਹ ਅੰਦਰੂਨੀ ਅਤੇ ਬਾਹਰੀ ਸੰਭਾਵਨਾਵਾਂ ਉੱਪਰ ਆਧਾਰਿਤ ਹੁੰਦਾ ਹੈ"। (ਪਾਠ सुधार प्रतिलिपि-परंपरा में प्राप्त होने वाले सभी अविश्वसनिय तत्वों को दूर करने का प्रयास है।यह अतरंग और बहिरंग संभावनाओं पर आधारित होता है।)[12]

ਇਸ ਤਰ੍ਹਾਂ ਪਾਠ-ਆਲੋਚਕ ਅੰਦਰੂਨੀ ਅਤੇ ਬਾਹਰੀ ਸੰਭਾਵਨਾਵਾਂ ਦੇ ਅੰਤਰਗਤ ਰਚਨਾਕਾਰ, ਰਚਨਾ, ਉਸਦੀ ਭਾਸ਼ਾ ਸ਼ੈਲੀ, ਪਾਠ-ਪ੍ਰਸੰਗ, ਲਿਖਤ ਆਸਨ (ਕਾਗਜ਼, ਸਿਆਹੀ) ਦੀ ਰਸਾਇਣਿਕ ਪਰੀਖਿਆ, ਲਿੱਪੀਜਨਕ ਅਸ਼ੁੱਧੀਆਂ, ਪਾਠਾਂਤਰਾਂ ਦੇ ਅਧਿਐਨ-ਵਿਸ਼ਲੇਸ਼ਣ ਰਾਹੀਂ ਪਾਠ ਸੁਧਾਰ ਕਰਕੇ ਰਚਨਾਕਾਰ ਦਾ ਅਸਲ ਪਾਠ ਪ੍ਰਸਤੁਤ ਕਰਦਾ ਹੈ। ਇਸ ਤੋਂ ਇਲਾਵਾ ਪਾਠ ਸੁਧਾਰ ਸਬੰਧੀ ਇੱਕ ਹੋਰ ਪੱਖ ਜ਼ਿਕਰਯੋਗ ਹੈ ਕਿ ਭ੍ਰਸ਼ਟ ਜਾਂ ਅਸ਼ੁੱਧ ਪਾਠ ਦੇ ਪਾਠ ਸੁਧਾਰ ਦੀ ਸਮੱਸਿਆ ਨੂੰ ਲੈ ਕੇ ਪਾਠ-ਆਲੋਚਕਾਂ ਦੇ ਦੋ ਵਰਗ ਹਨ।

**(1) ਰੂੜੀਵਾਦੀ ਵਰਗ**

**(2) ਸੁਧਾਰਵਾਦੀ ਵਰਗ**

ਰੂੜੀਵਾਦੀ ਵਰਗ ਸੁਧਾਰ ਦੇ ਪੱਖ ਵਿਚ ਨਹੀਂ ਹੈ। ਰੂੜੀਵਾਦੀ ਵਰਗ ਸਿਰਫ਼ ਪ੍ਰਾਚੀਨ ਪਾਠ ਨੂੰ ਪੇਸ਼ ਕਰਨਾ ਹੀ ਪਾਠ-ਆਲੋਚਨਾ ਦਾ ਮੁੱਖ ਕਾਰਜ ਮੰਨਦਾ ਹੈ। ਪ੍ਰੰਤੂ ਸੁਧਾਰਵਾਦੀ ਵਰਗ ਦਾ ਮੰਨਣਾ ਹੈ ਕਿ ਪ੍ਰਾਚੀਨ ਪਾਠ ਪ੍ਰਸਤੁਤ ਕਰਨ ਦੀ ਬਜਾਇ ਸਬੰਧਤ ਪਾਠ ਦੀਆਂ ਅਸ਼ੁੱਧੀਆਂ ਨੂੰ ਸੁਧਾਰ ਕੇ ਲੇਖਕ ਦਾ ਅਸਲ ਪਾਠ ਮੁਹੱਈਆ ਕਰਵਾਇਆ ਜਾਵੇ। ਆਧੁਨਿਕ ਪਾਠ-ਆਲੋਚਕ ਸੁਧਾਰਵਾਦੀ ਵਰਗ ਦੇ ਪੱਖ ਵਿੱਚ ਹਨ। ਉਨ੍ਹਾਂ ਅਨੁਸਾਰ ਪਾਠ ਸੁਧਾਰ ਕਰਨਾ ਪਾਠ-ਆਲੋਚਨਾ ਦਾ ਜ਼ਰੂਰੀ ਅੰਗ ਹੈ ਪ੍ਰੰਤੂ ਇਹ ਸੁਧਾਰ ਮਨਮੰਨੇ ਢੰਗ ਦੀ ਬਜਾਇ ਵਿਗਿਆਨਕ ਅਤੇ ਪ੍ਰਮਾਣਾਂ ਦੇ ਅਧਾਰ ਤੇ ਹੋਣਾ ਚਾਹੀਦਾ ਹੈ।

### 4.2.4. ਪਾਠ-ਵਿਵੇਚਨ ਜਾਂ ਉਚਤਰ-ਆਲੋਚਨਾ

ਪਾਠ-ਵਿਵੇਚਨ ਪਾਠ-ਆਲੋਚਨਾ ਦਾ ਅੰਤਿਮ ਚਰਨ ਹੈ। ਪਾਠ-ਵਿਵੇਚਨ ਦੇ ਅੰਤਰਗਤ ਰਚਨਾਕਾਰ ਦੀ ਭਾਸ਼ਾ, ਵਿਚਾਰਧਾਰਾ ਦਾ ਅਧਿਐਨ ਕੀਤਾ ਜਾਂਦਾ ਹੈ।

ਪਾਠ-ਆਲੋਚਨਾ ਦੀ ਪਰਿਭਾਸ਼ਾ ਅਨੁਸਾਰ ਪਾਠ-ਆਲੋਚਨਾ ਦੀ ਸਿਧਾਂਤਕ ਵਿਧੀ ਵਿੱਚ ਪਹਿਲੇ ਤਿੰਨ ਚਰਨ ਸਮੱਗਰੀ ਸੰਕਲਨ ਅਤੇ ਕੁਰਸੀਨਾਮਾ ਤਿਆਰ ਕਰਨਾ, ਪਾਠ-ਨਿਰਮਾਣ ਅਤੇ ਪਾਠ-ਸੁਧਾਰ ਆਉਂਦੇ ਹਨ। ਪਾਠ-ਵਿਵੇਚਨ ਵਿਭਾਗ ਅਸਲ ਵਿੱਚ ਉਚਤਰ ਆਲੋਚਨਾ ਹੈ। ਉਚਤਰ ਆਲੋਚਨਾ ਭਾਵ ਵਿਚਾਰਧਾਰਾਈ ਅਤੇ ਭਾਸ਼ਾਈ ਅਧਿਐਨ ਦਾ ਕਾਰਜ ਪਾਠ-ਆਲੋਚਨਾ ਤੋਂ ਬਾਅਦ ਸ਼ੁਰੂ ਹੁੰਦਾ ਹੈ। ਪ੍ਰੰਤੂ ਇਹ ਸੱਚ ਹੈ ਕਿ ਪਾਠ-ਵਿਵੇਚਨ ਦਾ ਆਧਾਰ ਪਾਠ-ਆਲੋਚਨਾ ਹੈ।

**ਸਿੱਟਾ**

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪਾਠ-ਆਲੋਚਨਾ ਆਪਣੇ-ਆਪ ਵਿਚ ਇਕ ਵਡੇਰਾ ਅਤੇ ਸਥਾਪਿਤ ਵਿਸ਼ਾ ਹੈ ਜੋ ਗਹਿਰੇ,ਸਾਵਧਾਨੀ ਪੂਰਵਕ ,ਨਿਰਪੱਖ, ਨਿਰੰਤਰ ਅਭਿਆਸ ਅਤੇ ਅਧਿਐਨ ਦੀ ਮੰਗ ਕਰਦਾ ਹੈ| ਇਸ ਦੇ ਨਾਲ ਹੀ ਇਹ ਵਿਸ਼ਾ ਅਤਿ ਮਹੱਵਪੂਰਨ ਵਿਸ਼ਾ ਹੈ ਜੋ ਪ੍ਰਾਚੀਨ/ਮੱਧਕਾਲੀ ਸਾਹਿਤ ਜਾਂ ਭਾਸ਼ਾਵਾਂ ਦੀ ਖੋਜ ਵਿਚ ਆਧਾਰ ਦਾ ਕਾਰਜ ਕਰਦਾ ਹੈ | ਦੂਜੇ ਸ਼ਬਦਾਂ ਵਿੱਚ ਕਿਸੇ ਪ੍ਰਾਚੀਨ/ਮੱਧਕਾਲੀ ਸਾਹਿਤਕ ਰਚਨਾ ਜਾਂ ਭਾਸ਼ਾ ਸਬੰਧੀ ਅਧਿਐਨ-ਵਿਸ਼ਲੇਸ਼ਣ ਦਾ ਕਾਰਜ ਤਦ ਤੱਕ ਵਿਗਿਆਨਕ ਪੱਧਰ ਤੇ ਸ਼ੁਰੂ ਹੀ ਨਹੀਂ ਕੀਤਾ ਜਾ ਸਕਦਾ ਜਦ ਤੱਕ ਕਿਸੇ ਪਾਠ ਦਾ ਮੂਲ-ਪਾਠ ਜਾਂ ਪ੍ਰਮਾਣਿਕ ਪਾਠ ਹੋਣਾ ਸਾਬਿਤ ਨਹੀਂ ਹੋ ਜਾਂਦਾ | ਪਾਠ-ਆਲੋਚਨਾਤਮਿਕ ਅਧਿਐਨ ਪ੍ਰਾਚੀਨ/ਮੱਧਕਾਲੀਨ ਸਾਹਿਤਕ ਪਾਠਾਂ ਦੇ ਸੰਪਾਦਨ, ਭਾਸ਼ਾਈ ਅਤੇ ਸਾਹਿਤਕ ਅਧਿਐਨ ਵਿਚ ਮੁੱਢਲੀ ਸ਼ਰਤ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਬੰਧਿਤ ਵਿਸ਼ਾ ਕਿਸੇ ਰਚਨਾ ਦੇ ਵਿਸ਼ੇ,ਅਧਿਐਨ ਸਬੰਧੀ ਨਵੀਆਂ ਖੋਜ ਸੰਭਾਵਨਾਵਾਂ ਨੂੰ ਖੋਲਦਾ ਹੈ ਅਤੇ ਰਚਨਾ,ਰਚਨਾਕਾਰ, ਵਿਚਾਰਧਾਰਾ ਸਬੰਧੀ ਕਈ ਪ੍ਰਕਾਰ ਦੀਆਂ ਸਮਕਾਲੀ ਗੁੰਝਲਾਂ ਨੂੰ ਵਿਗਿਆਨਕ ਕਸਵੱਟੀ ਤੇ ਪਰਖ-ਪੜਚੋਲ ਰਾਹੀਂ ਹੱਲ ਕਰਦਾ ਹੈ |

ਪਾਠ-ਆਲੋਚਨਾ ਹੀ ਅਜਿਹਾ ਸਾਧਨ ਹੈ ਜੋ ਕਿਸੇ ਸਾਹਿਤਕ ਪਾਠ ਸਬੰਧੀ ਪ੍ਰਾਪਤ ਭ੍ਰਾਂਤੀਆਂ ਨੂੰ ਦੂਰ ਕਰ ਕੇ ਕਿਸੇ ਕਵੀ ਦੇ ਮੂਲ ਪਾਠ ਅਤੇ ਵਿਚਾਰਧਾਰਾ ਨੂੰ ਪਾਠਕਾਂ ਦੇ ਸਨਮੁਖ ਕਰਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬੀ ਸਾਹਿਤ ਵਿਚ ਸਥਿਤੀ ਇਹ ਹੈ ਕਿ ਪ੍ਰਾਚੀਨ/ਮੱਧਕਾਲੀਨ ਸਾਹਿਤਕ ਪਾਠ ਲਗਭਗ ਪ੍ਰਕਾਸ਼ਨ ਦੀ ਅਵਸਥਾ ਵਿਚ ਹਨ ਭਾਵ ਇੱਕ ਹੀ ਲੇਖਕ ਦੀਆਂ ਰਚਨਾਵਾਂ ਦੇ ਵੱਖ-ਵੱਖ ਪ੍ਰਕਾਸ਼ਿਤ ਪਾਠ ਪ੍ਰਾਪਤ ਹੁੰਦੇ ਹਨ ਜਿਹਨਾਂ ਵਿੱਚ ਪਾਠਾਂਤਰ ਵੀ ਪ੍ਰਾਪਤ ਹੁੰਦੇ ਹਨ| ਇਸ ਸਬੰਧੀ ਖੋਜ-ਪੱਤਰ ਵਿੱਚ ਕਵੀ

ਬੁੱਲ੍ਹੇ ਸ਼ਾਹ ਦੀ ਰਚਨਾ ਵਿੱਚੋਂ ਪ੍ਰਾਪਤ ਉਦਾਹਰਨਾਂ ਨੂੰ ਵਿਚਾਰਿਆ ਜਾ ਸਕਦਾ ਹੈ | ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਰਚਨਾ ਸਬੰਧੀ ਸਮੁੱਚੇ ਸ੍ਰੋਤਾਂ ਦੀ ਖੋਜ-ਭਾਲ ਰਾਹੀਂ ਪਾਠ-ਆਲੋਚਨਾਤਮਿਕ ਅਧਿਐਨ ਰਾਹੀਂ ਪਾਠ ਨਿਰਧਾਰਨ ਨਹੀਂ ਕੀਤਾ ਗਿਆ| ਪੰਜਾਬੀ ਸਾਹਿਤ ਪ੍ਰਤੀ ਇਸ ਪਾਸੇ ਗੰਭੀਰਤਾ ਨਾਲ ਖੋਜ ਦੀ ਹੋਰ ਵਧੇਰੇ ਲੋੜ ਹੈ। ਇਹ ਖੋਜ ਜਿੱਥੇ ਰਚਨਾਵਾਂ ਦੇ ਪ੍ਰਮਾਣਿਕ ਪਾਠ ਮੁਹੱਈਆ ਕਰਵਾਏਗੀ ਉਥੇ ਪੰਜਾਬੀ ਭਾਸ਼ਾ ਦੀ ਵਿਕਾਸ ਰੇਖਾ ਨੂੰ ਉਲੀਕਦੀਆਂ ਹੋਈਆਂ ਸਪੱਸ਼ਟ ਅਤੇ ਪ੍ਰਮਾਣਿਕ ਉਦਾਹਰਨਾਂ ਦਾ ਜ਼ਰੀਆ ਵੀ ਬਣੇਗੀ |

## ਹਵਾਲੇ ਅਤੇ ਟਿੱਪਣੀਆਂ


1) आप्टे,वामन शिवराम.**संस्कृत-हिंदी कोश.** दिल्ली: मोतीलाल बनारसीदास पब्लिशर्स,1969:601.
2) ਲਾਂਬਾ,ਰਜਿੰਦਰਸਿੰਘ.**ਖੋਜ ਪਤ੍ਰਿਕਾ(ਹੱਥ-ਲਿਖਤ ਸੰਪਾਦਨ ਕਲਾ ਵਿਸ਼ੇਸ਼ ਅੰਕ)**.ਮਾਰਚ.ਪਟਿਆਲਾ:ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ,1994:57.
3) कन्हैया सिंह. **पाठ सम्पादन के सिद्धांत**. इलाहाबाद : लकभारती प्रकाशन, 2008:9.
4) आप्टे, वामन शिवराम.संस्कृत-हिंदी कोश. दिल्ली: मोतीलाल बनारसीदास पब्लिशर्स,1969:161.
5) Postgate, J.P. **Encyclopedia Britannica**, Vol:22. Cambridge: University Press,1913:6.
6) Katre,S.M.**Introduction to Indian textual Criticism**. Bombay:Karnatak Publishing House,1954:36.
7) कन्हैया सिंह.**पाठ सम्पादन के सिद्धांत**. इलाहाबाद:लोकभारती प्रकाशन, 2008:9.
8) ਲਾਂਬਾ, ਰਜਿੰਦਰ ਸਿੰਘ. **ਖੋਜ ਪਤ੍ਰਿਕਾ (ਹੱਥ-ਲਿਖਤ ਸੰਪਾਦਨ ਕਲਾ ਵਿਸ਼ੇਸ਼ ਅੰਕ)** ਮਾਰਚ. ਪਟਿਆਲਾ:ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ,1994:93.
9) Katre, S.M. **Introduction to Indian Textual Criticism**. Bombay: Karnatak Publishing House,1954: xiv.
10) Katre, S.M. **Introduction to Indian Textual Criticism**. Bombay: Karnatak Publishing House,1954:30.
11) Katre, S.M. **Introduction to Indian Textual Criticism.** Bombay: Karnatak Publishing House,1954:97.
12) कन्हैया सिंह.पाठ सम्पादन के सिद्धांत. इलाहाबाद:लोकभारती प्रकाशन, 2008:85.